# ਪੰਜਾਬ ਸਕੂਲ ਸਿੱਖਿਆ ਬੋਰਡ
## ਨੋਟੀਫਿਕੇਸ਼ਨ

ਨੋਟੀ: ਨੰ:320-ਪਸਸਬ-5ਅਸ-ਅਮਲਾ-2018/-3650ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:30/11/2018.

ਬੋਰਡ ਦੀ ਇਕੱਤਰਤਾ ਮਿਤੀ 17.11.2016 ਵਿੱਚ ਮੱਦ ਨੰ. 8 (1) ਰਾਹੀਂ ਬੋਰਡ ਤੋਂ ਮਿਲੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਨੋਟੀਫਿਕੇਸ਼ਨ ਨੰ. 249-ਪਸਸਬ-12ਅਸ-ਅਮਲਾ-2013/1000 ਮਿਤੀ 25.04.2013 ਦੀ ਅਧਿਲੰਘਣਾ (Supersession) ਵਿੱਚ ਪੰਜਾਬ ਸਰਕਾਰ, ਵਿੱਤ ਵਿਭਾਗ, ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ ਵਲੋਂ ਜਾਰੀ ਪੱਤਰ ਨੰ. 5/44/2012-5ਵਿਪਪਤ/927 ਮਿਤੀ 04.10.2018 (ਅਨੁਲੱਗ ਕ ਪੰਨਾ ਨੰ. 1 ਤੋਂ 3) ਬੋਰਡ ਦਫਤਰ ਵਿੱਚ ਅਡਾਪਟ ਕਰਨ ਪ੍ਰਵਾਨਗੀ ਦਿੰਦੇ ਹਨ।

ਮਿਤੀ: ਸਾਹਿਬਜ਼ਾਦਾ ਅਜੀਤ ਸਿੰਘ ਨਗਰ
27-11-2018

ਸਕੱਤਰ,
ਪੰਜਾਬ ਸਕੂਲ ਸਿੱਖਿਆ ਬੋਰਡ

ਪਿੱਠ ਅੰਕਣ ਨੰ:ਪਸਸਬ-5ਅਸ-ਅਮਲਾ-2018/365। ਮਿਤੀ:ਸਾਹਿਬਜ਼ਾਦਾ ਅਜੀਤ ਸਿੰਘ ਨਗਰ:-30/11/2018.

ਉਪਰੋਕਤ ਦਾ ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਚੇਅਰਮੈਨ ਜੀ ਦੇ ਨਿੱਜੀ ਸਕੱਤਰ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੇ ਨਿੱਜੀ ਸਹਾਇਕਾਂ ਨੂੰ, ਚੇਅਰਮੈਨ, ਵਾਈਸ ਚੇਅਰਮੈਨ ਅਤੇ ਸਕੱਤਰ ਜੀ ਦੀ ਸੂਚਨਾ ਹਿੱਤ;
2) ਸੰਯੁਕਤ ਸਕੱਤਰ, ਜਨਰਲ;
3) ਸਮੂਹ ਸ਼ਾਖਾ ਮੁੱਖੀ;
4) ਸਹਾਇਕ ਸਕੱਤਰ (ਅਮਲਾ/ ਲੇਖਾ);
5) ਸੀਨੀਅਰ ਮੈਨੇਜਰ, ਪੁਸਤਕਾਂ (ਸਮੂਹ ਖੇਤਰੀ ਦਫਤਰਾਂ ਨੂੰ ਸੂਚਿਤ ਕਰਨ ਲਈ);
6) ਇੰਚਾਰਜ, ਆਦਰਸ਼ ਸਕੂਲ ਸੈਲ (ਸਮੂਹ ਆਦਰਸ਼ ਸਕੂਲਾਂ ਨੂੰ ਸੂਚਿਤ ਕਰਨ ਲਈ);
7) ਸੁਪਰਡੰਟ (ਅਮਲਾ-1, 2, 3 ਅਤੇ 5);
8) ਸੁਪਰਡੰਟ (ਪੈਨਸ਼ਨ/ ਜੀ.ਪੀ.ਐਫ./ ਸੈਲਰੀ);
9) ਅਮਲਾ ਸਹਾਇਕ- 1, 2, 3, 4, 6, 7, 9, 10, 11, 12, 13, 14 ਅਤੇ 15);
10) ਰਿਕਾਰਡਰ, ਅਮਲਾ ਸ਼ਾਖਾ;

ਪੰਜਾਬ ਸਕੂਲ ਸਿੱਖਿਆ ਬੋਰਡ ।

30/11/18
ਸੁਪਰਡੰਟ (ਅਮਲਾ-5)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਅਨੁਲੱਗ ੨

ਨੰ: 5/44/2012-5ਵਿਪਪਤ/ 927
ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)
ਮਿਤੀ: ਚੰਡੀਗੜ੍ਹ 4.10.2018.

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।

ਵਿਸ਼ਾ: ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਵਿੱਚ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ।

ਸ਼੍ਰੀਮਾਨ/ਸ਼੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ ਵਿੱਤ ਵਿਭਾਗ ਵੱਲੋਂ ਜਾਰੀ ਪੱਤਰ ਨੰ: 5/44/2012 5ਵਿਪਪਤ/758 ਮਿਤੀ 09.07.2012, ਪੱਤਰ ਨੰ: 5/44/2012-5ਵਿਪਪਤ/350 ਮਿਤੀ 23.02.2017, ਪੱਤਰ ਨੰ: 5/44/2012-5ਵਿਪਪਤ/1173 ਮਿਤੀ 13.10.2017 ਅਤੇ ਪੱਤਰ ਨੰ: 5/44/2012-5ਵਿਪਪਤ/1193529/1 ਮਿਤੀ 22.03.2018 ਦੇ ਅਧਿਲੰਘਣ (supersession) ਵਿੱਚ।

2. ਹਵਾਲਾ ਅਧੀਨ ਪੱਤਰਾਂ ਵਿੱਚੋਂ ਪੱਤਰ ਮਿਤੀ 09.07.2012 ਰਾਹੀਂ ਪੰਜਾਬ ਰਾਜ ਦੇ ਸਾਰੇ ਲੋਕ ਖੇਤਰੀ ਅਦਾਰਿਆਂ ਅਤੇ ਖੁਦ ਮੁਖਤਿਆਰ ਅਦਾਰਿਆਂ ਵਿੱਚ ਵੀ ਮਿਤੀ 01.01.2004 ਜਾਂ ਇਸ ਤੋਂ ਬਾਅਦ ਰੈਗੂਲਰ ਤੌਰ ਤੇ ਭਰਤੀ ਕੀਤੇ ਗਏ ਕਰਮਚਾਰੀਆਂ ਤੇ ਨਵੀਂ ਪੁਨਰਗਠਿਤ ਪਰਿਭਾਸ਼ਿਤ ਕੰਟਰੀਬਿਊਟਰੀ ਪੈਨਸ਼ਨ ਸਕੀਮ ਲਾਜ਼ਮੀ ਤੌਰ ਤੇ ਲਾਗੂ ਕੀਤੀ ਗਈ ਸੀ। ਇਸ ਉਪਰੰਤ ਉਪਰੋਕਤ ਦਰਸਾਏ ਬਾਕੀ ਪੱਤਰਾਂ ਰਾਹੀਂ ਕੁੱਝ ਸਪਸ਼ਟੀਕਰਨ ਜਾਰੀ ਕੀਤੇ ਗਏ ਸਨ।

3. ਸਰਕਾਰ ਵੱਲੋਂ ਮਾਮਲੇ ਨੂੰ ਗਹੁ ਨਾਲ ਮੁੜ ਵਿਚਾਰਨ ਉਪਰੰਤ ਨਵੀਂ ਪੈਨਸ਼ਨ ਸਕੀਮ ਨੂੰ ਲੋਕ ਖੇਤਰੀ/ਖੁਦ ਮੁਖਤਿਆਰ ਅਦਾਰਿਆਂ ਵਿੱਚ ਲਾਗੂ ਕਰਨ ਸਬੰਧੀ ਹੇਠ ਅਨੁਸਾਰ ਹਦਾਇਤਾਂ ਕੀਤੀਆਂ ਜਾਂਦੀਆਂ ਹਨ:-

ੳ) ਜਿਹਨਾਂ ਲੋਕ ਖੇਤਰੀ/ਖੁਦ ਮੁਖਤਿਆਰ ਅਦਾਰਿਆਂ ਨੇ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਨੂੰ ਅਪਣਾਇਆ ਹੈ, ਉਹਨਾਂ ਤੇ ਪੰਜਾਬ ਸਰਕਾਰ ਦੀ ਨੋਟੀਫਿਕੇਸ਼ਨ ਨੰ: 8/1/2004 3ਐਫ.ਪੀ.2/2078 ਮਿਤੀ 02.03.2004, ਜਿਸ ਰਾਹੀਂ ਪੰਜਾਬ ਸਰਕਾਰ ਦੁਆਰਾ ਮਿਤੀ 01.01.2004 ਜਾਂ ਇਸ ਉਪਰੰਤ ਭਰਤੀ ਕੀਤੇ ਗਏ ਕਰਮਚਾਰੀਆਂ/ਅਧਿਕਾਰੀਆਂ ਉੱਤੇ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਦਾ ਉਪਬੰਧ ਕੀਤਾ ਗਿਆ ਹੈ, ਪੰਜਾਬ ਸਰਕਾਰ ਦੀ ਤਰਜ਼ ਤੇ ਮਿਤੀ 01.01.2004 ਜਾਂ ਇਸ ਉਪਰੰਤ ਰੈਗੂਲਰ ਤੌਰ ਤੇ ਭਰਤੀ ਕੀਤੇ ਗਏ ਕਰਮਚਾਰੀਆਂ/ਅਧਿਕਾਰੀਆਂ ਤੇ ਸਮਾਨਤਾ ਨਾਲ ਲਾਗੂ ਹੋਵੇਗੀ।

ਅ) ਲੋਕ ਖੇਤਰੀ ਅਤੇ ਖੁਦਮੁਖਤਿਆਰ ਅਦਾਰਿਆਂ ਵਿੱਚ ਜਿੱਥੇ ਮਿਤੀ 01.01.2004 ਤੋਂ ਪਹਿਲਾਂ ਉਸ ਖਾਸ ਅਦਾਰੇ ਵਿੱਚ ਪੈਨਸ਼ਨ ਸਕੀਮ (Old Pension Scheme) ਲਾਗੂ ਹੈ, ਉਥੇ ਮਿਤੀ 01.01.2004 ਜਾਂ ਇਸ ਤੋਂ ਬਾਅਦ ਰੈਗੂਲਰ ਤੌਰ ਤੇ ਭਰਤੀ ਹੋਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਤੇ ਰਾਜ ਦੇ ਅਧਿਕਾਰੀਆਂ/ਕਰਮਚਾਰੀਆਂ ਵਾਂਗ ਨਵੀਂ ਪੈਨਸ਼ਨ ਸਕੀਮ (New Defined Contributory Pension Scheme) ਲਾਜ਼ਮੀ ਤੌਰ ਤੇ ਲਾਗੂ ਹੋਵੇਗੀ। ਇਹ ਸਕੀਮ ਡੇਲੀਵੇਜਿਜ਼, ਵਰਕਚਾਰਜ ਅਤੇ ਠੇਕੇ ਤੇ ਨਿਯੁਕਤ ਕਰਮਚਾਰੀਆਂ ਤੇ ਲਾਗੂ ਨਹੀਂ ਹੋਵੇਗੀ।

ੲ) ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹਨਾਂ ਲੋਕ ਖੇਤਰੀ ਅਤੇ ਖੁਦਮੁਖਤਿਆਰ ਅਦਾਰਿਆਂ ਵਿੱਚ ਮਿਤੀ 01.01.2004 ਤੋਂ ਪਹਿਲਾ ਉਸ ਖਾਸ ਅਦਾਰੇ ਵਿੱਚ ਪੁਰਾਣੀ ਪੈਨਸ਼ਨ ਸਕੀਮ ਲਾਗੂ ਨਹੀਂ ਹੈ, ਉਥੇ ਮਿਤੀ 01.01.2004 ਤੋਂ ਨਵੀਂ ਪੈਨਸ਼ਨ ਸਕੀਮ ਲਾਗੂ ਕਰਨਾ ਵੀ ਲਾਜ਼ਮੀ ਨਹੀਂ ਹੋਵੇਗਾ। ਇਸ ਸਬੰਧੀ ਫੈਸਲਾ ਲੈਣ ਦੀ ਜਿੰਮੇਵਾਰੀ ਉਸ ਅਦਾਰੇ ਦੀ ਹੋਵੇਗੀ।

ਸ) ਪੰਜਾਬ ਰਾਜ ਦੇ ਜਿਹਨਾਂ ਲੋਕ ਖੇਤਰੀ ਅਦਾਰਿਆਂ/ਖੁਦਮੁਖਤਿਆਰ ਅਦਾਰਿਆਂ ਵਿੱਚ Employees' Provident Funds and Miscellaneous Provisions Act, 1952 ਲਾਗੂ ਹੈ, ਉਹਨਾਂ ਅਦਾਰਿਆਂ ਵਿੱਚ ਨਵੀਂ ਪੈਨਸ਼ਨ ਸਕੀਮ (New Defined Contributory Pension Scheme) ਲਾਗੂ ਨਹੀਂ ਕੀਤੀ ਜਾਣੀ ਹੈ।

ਹ) ਸੰਯੁਕਤ ਡਾਇਰੈਕਟਰ ਵਿੱਤ ਤੇ ਲੇਖਾ, ਡਾਇਰੈਕਟੋਰੇਟ ਆਫ ਪਬਲਿਕ ਇੰਟ੍ਰਪ੍ਰਾਈਜਿਜ਼ ਅਤੇ ਡਿਸਇਨਵੈਸਟਮੈਂਟ ਇਸ ਨਵੀਂ ਪੈਨਸ਼ਨ ਸਕੀਮ ਨੂੰ ਰਾਜ ਦੇ ਸਬੰਧਤ ਲੋਕ ਖੇਤਰੀ ਅਤੇ ਖੁਦਮੁਖਤਿਆਰ ਅਦਾਰਿਆਂ ਵਿੱਚ ਲਾਗੂ ਕਰਵਾਉਣ ਲਈ ਨੋਡਲ ਅਫਸਰ ਹੋਣਗੇ।

4. ਇਸ ਪੱਤਰ ਦੇ ਹਵਾਲੇ ਵਿੱਚ ਦਰਸਾਈਆਂ ਗਈਆਂ ਹਦਾਇਤਾਂ ਵਾਪਸ ਲਈਆਂ ਜਾਂਦੀਆਂ ਹਨ ਅਤੇ ਇਸ

ਪੱਤਰ ਰਾਹੀਂ ਜਾਰੀ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

(ਸੰਗੀਤਾ)
ਅਧੀਨ ਸਕੱਤਰ ਵਿੱਤ

ਉਪਰੋਕਤ ਦਾ ਉਤਾਰਾ ਮੁੱਖ ਸਕੱਤਰ, ਪੰਜਾਬ ਸਰਕਾਰ, ਸਮੂਹ ਵਿੱਤੀ ਕਮਿਸ਼ਨਰ/ਵਧੀਕ ਮੁੱਖ ਸਕੱਤਰ/ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ ਅਤੇ ਸਥਾਨਕ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ ਵਿੱਤ

ਸੇਵਾ ਵਿਖੇ

1. ਮੁੱਖ ਸਕੱਤਰ, ਪੰਜਾਬ ਸਰਕਾਰ ।
2. ਸਮੂਹ ਵਿੱਤੀ ਕਮਿਸ਼ਨਰ/ਵਧੀਕ ਮੁੱਖ ਸਕੱਤਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ; ਪੰਜਾਬ ਰਾਜ ।
3. ਸਥਾਨਕ ਕਮਿਸ਼ਨਰ, ਪੰਜਾਬ, ਪੰਜਾਬ ਭਵਨ, ਕਾਪਰਨਿਕਸ ਮਾਰਗ, ਨਵੀਂ ਦਿੱਲੀ ।

ਅੰ.ਵਿ.ਪੱ.ਨੰ. 5/44/2012-5ਵਿਪਪਤ/ 928 ਮਿਤੀ: ਚੰਡੀਗੜ੍ਹ 4.10.2018

ਪਿੱ.ਅੰ.ਨੰ. 5/44/2012-5ਵਿਪਪਤ/ 929 ਮਿਤੀ: ਚੰਡੀਗੜ੍ਹ 4.10.2018

ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਮਹਾਂਲੇਖਾਕਾਰ, ਪੰਜਾਬ (ਲੇਖਾ), ਚੰਡੀਗੜ੍ਹ ।
2. ਮਹਾਂਲੇਖਾਕਾਰ, ਪੰਜਾਬ (ਹੱਕਦਾਰੀ), ਚੰਡੀਗੜ੍ਹ ।

ਸੁਪਰਡੰਟ

ਅੰ.ਵਿ.ਪੱ.ਨੰ. 5/44/2012-5ਵਿਪਪਤ/ 930 ਮਿਤੀ: ਚੰਡੀਗੜ੍ਹ 4.10.2018

ਇਸ ਦਾ ਇੱਕ ਉਤਾਰਾ ਸੰਯੁਕਤ ਡਾਇਰੈਕਟਰ (ਵਿੱ ਤੇ ਲੇ), ਡਾਇਰੈਕਟੋਰੇਟ ਆਫ ਪਬਲਿਕ ਐਂਟਰਪ੍ਰਾਈਜ਼ਿਜ ਅਤੇ ਡਿਸਇਨਵੈਸਟਮੈਂਟ, ਪੰਜਾਬ, ਚੰਡੀਗੜ੍ਹ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱ.ਅੰ.ਨੰ. 5/44/2012-5ਵਿਪਪਤ/ 931 ਮਿਤੀ: ਚੰਡੀਗੜ੍ਹ 4.10.2018

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਕੱਤਰ, ਹਿਮਾਚਲ ਪ੍ਰਦੇਸ਼ ਸਰਕਾਰ, ਵਿੱਤ ਵਿਭਾਗ, ਸ਼ਿਮਲਾ ।
2. ਸਕੱਤਰ, ਹਰਿਆਣਾ ਸਰਕਾਰ, ਵਿੱਤ ਵਿਭਾਗ, ਚੰਡੀਗੜ੍ਹ ।
3. ਸਕੱਤਰ, ਵਿੱਤ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ, ਚੰਡੀਗੜ੍ਹ ।
4. ਸੰਯੁਕਤ ਸਕੱਤਰ, ਭਾਰਤ ਸਰਕਾਰ, ਮਨਿਸਟਰੀ ਆਫ ਫਾਈਨਾਂਸ, ਡਿਪਾਰਟਮੈਂਟ ਆਫ ਇਕਨਾਮਿਕਸ ਅਫੇਅਰਜ਼ (ਈ.ਸੀ.ਬੀ. ਐਂਡ ਪੀ.ਆਰ.) ਡਵੀਜ਼ਨ, ਨਵੀਂ ਦਿੱਲੀ ।
5. ਡਾਇਰੈਕਟਰ, ਖਜਾਨਾ ਤੇ ਲੇਖਾ, ਪੰਜਾਬ, ਚੰਡੀਗੜ੍ਹ ।
6. ਵਧੀਕ ਡਾਇਰੈਕਟਰ, ਅੰਦਰੂਨੀ ਪੜਤਾਲ ਸੰਸਥਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
7. ਡਿਪਟੀ ਡਾਇਰੈਕਟਰ, ਪੈਨਸ਼ਨ, ਪ੍ਰਮੁੱਖ ਲੇਖਾ ਦਫਤਰ (ਨਵੀਂ ਪੈਨਸ਼ਨ ਸਕੀਮ), ਵਣ ਭਵਨ, ਸੈਕਟਰ 68, ਮੋਹਾਲੀ ।

ਸੁਪਰਡੰਟ

ਪਿੱ.ਅੰ.ਨੰ. 5/44/2012-5ਵਿਪਪਤ/ 932 ਮਿਤੀ: ਚੰਡੀਗੜ੍ਹ 4.10.2018

ਇਸ ਦੀ ਇੱਕ ਕਾਪੀ ਸਕੱਤਰ, ਪੰਜਾਬ ਵਿਧਾਨ ਸਭਾ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ।

ਸੁਪਰਡੰਟ

ਪਿੱ.ਅੰ.ਨੰ. 5/44/2012-5ਵਿਪਪਤ/ 933 ਮਿਤੀ: ਚੰਡੀਗੜ੍ਹ 4.10.2018

ਇਸ ਦਾ ਉਤਾਰਾ ਹੇਠਾਂ ਲਿਖਿਆਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਰਜਿਸਟਰਾਰ, ਪੰਜਾਬ ਯੂਨੀਵਰਸਟੀ, ਚੰਡੀਗੜ੍ਹ ।
2. ਰਜਿਸਟਰਾਰ, ਪੰਜਾਬੀ ਯੂਨੀਵਰਸਟੀ, ਪਟਿਆਲਾ ।
3. ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਟੀ, ਅੰਮ੍ਰਿਤਸਰ ।
4. ਰਜਿਸਟਰਾਰ, ਖੇਤੀਬਾੜੀ ਯੂਨੀਵਰਸਟੀ, ਲੁਧਿਆਣਾ ।
5. ਰਜਿਸਟਰਾਰ, ਗੁਰੂ ਅੰਗਦ ਦੇਵ ਵੈਟਰਨਰੀ ਐਨੀਮਲ ਸਾਇੰਸ ਯੂਨੀਵਰਸਟੀ, ਲੁਧਿਆਣਾ।

ਸੁਪਰਡੰਟ

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ -6 ਸ਼ਾਖਾ)

ਸੇਵਾ ਵਿਖੇ

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਮੋਹਾਲੀ।
2. ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿੱ), ਪੰਜਾਬ ਮੋਹਾਲੀ।
3. ਡਾਇਰੈਕਟਰ, ਸਿੱਖਿਆ ਵਿਭਾਗ (ਐ:ਸਿੱ), ਪੰਜਾਬ ਮੋਹਾਲੀ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ ਮੋਹਾਲੀ।
5. ਸਕੱਤਰ , ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

ਮੀਮੋ ਨੰ:11/7/2017-5ਸਿ6/ 1339425/5

ਮਿਤੀ, ਚੰਡੀਗੜ੍ਹ:- 25-10-18

ਵਿਸ਼ਾ:- ਵੱਖ ਵੱਖ ਵਿਭਾਗਾਂ ਵੱਲੋਂ ਪ੍ਰਾਪਤ ਪੱਤਰ/ਸਰਕੂਲਰ/ਹਦਾਇਤਾਂ ਸਬੰਧੀ।

*******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪ੍ਰਾਪਤ ਪੱਤਰ/ਸਰਕੂਲਰ/ਹਦਾਇਤਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ | ਪ੍ਰਾਪਤ ਹੋਏ ਪੱਤਰਾਂ ਦੀ ਸੂਚਨਾ | ਵਿਸ਼ਾ |
|---|---|---|
| 1. | ਅਧੀਨ ਸਕੱਤਰ, ਵਿੱਤ ਵਿਭਾਗ ਪੱਤਰ ਨੰ: 5/44/2012-5ਵਿਪਪਤ /727 ਮਿਤੀ 4.10.2018 | ਪੰਜਾਬ ਸਰਕਾਰ ਦੇ ਲੋਕ ਖੇਤਰੀ ਅਦਾਰਿਆ ਅਤੇ ਖੁਦ ਮੁਖਤਿਆਰ ਅਦਾਰਿਆ ਵਿੱਚ ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ। |
| 2. | ਉਪ ਸਕੱਤਰ, ਪ੍ਰਸੋਨਲ ਵਿਭਾਗ ਪੱਤਰ ਨੰ:12/162/2017-4ਪੀ.ਪੀ.2/310 ਮਿਤੀ 8.10.2018 | ਝੋਨੇ ਦੀ ਪਰਾਲੀ ਜਾਂ ਕਣਕ ਦਾ ਨਾੜ ਸਾੜਨ ਦੀਆਂ ਸਮੱਸਿਆ ਨੂੰ ਰੋਕਣ ਹਿੱਤ ਕਦਮਾਂ ਬਾਰੇ। |
| 3. | ਸੁਪਰਡੰਟ, ਪ੍ਰਸੋਨਲ ਵਿਭਾਗ ਪੱਤਰ ਨੰ:4/19/2015/4ਟ੍ਰੇਨਿੰਗ/1329653/1 ਮਿਤੀ 9.10.2018 | Mid career interaction between the Armed Forces and Civil Services Officers during FY 2018-19 |
| 4. | Under secretary Finance, ਪੱਤਰ ਨੰ: 6/1/1995-1FP1/840 ਮਿਤੀ 5.10.2018 | Clarification about Interim Relief-regarding. |
| 5. | ਉਪ ਸਕੱਤਰ, ਪ੍ਰਸੋਨਲ, ਪੱਤਰ ਨੰ: 17/42/2017-3ਪੀ.ਪੀ.1/130 ਮਿਤੀ 4.10.2018 | Setting up of Departmental Promotion Committees for Considering case of promotion to class-1 and Class-2 (now Group-A and Group-B Posts) |
| 6. | ਸੰਯੁਕਤ ਡਾਇਰੈਕਟਰ (ਵਿ ਤੇ ਲੇ) ਪੱਤਰ ਨੰ: 3/330/2018-ਵਿ.ਵਿ.(ਪੀ.ਈ.ਐਂਡ.ਡੀ)ਭ.ਆ/2439-83 ਮਿਤੀ 27.9.2018. | 6ਵੇ ਪੰਜਾਬ ਤਨਖਾਹ ਕਮਿਸ਼ਨ ਦਾ ਗਠਨ ਹੋ ਜਾਣ ਕਾਰਨ ਸਰਕਾਰੀ ਕਰਮਚਾਰੀਆਂ ਦੇ ਤਨਖਾਹ ਸਕੇਲਾ ਅਤੇ ਭੱਤਿਆਂ ਵਿੱਚ ਵਾਧਾ ਕਰਨ ਸਬੰਧੀ ਕੇਸ ਵਿੱਤ ਵਿਭਾਗ ਨੂੰ ਨਾ ਭੇਜਣ ਬਾਰੇ। |
| 7. | ਸੰਯੁਕਤ ਡਾਇਰੈਕਟਰ, (ਵਿ ਤੇ ਲੇ)ਵਿੱਤ ਵਿਭਗ ਪੱਤਰ ਨੰ:III/123/07/2015 /P/ਵਿ.ਵਿ.(ਪੀ.ਈ .ਐਂਡ .ਡੀ) ਭ.ਆ /2276 ਮਿਤੀ 5.9.2018 | ਐਨ.ਪੀ.ਐਸ ਤਹਿਤ ਅੰਸ਼ਕਿ ਨਿਕਾਸੀ ਦੇ ਸਬੰਧੀ। |

ਉਪਰੋਕਤ ਪੱਤਰਾਂ ਦੀ ਕਾਪੀਆਂ ਆਪ ਨੂੰ ਸੂਚਨਾ/ਇੰਨ-ਬਿੰਨ ਪਾਲਣਾ/ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜੀ ਜਾਂਦੀ ਹੈ

ਸੁਪਰਡੰਟ